# ਪੁਲੀਸ ਬਾਰੇ ਸ਼ਿਕਾਇਤਾਂ

ਇਸ ਕਿਤਾਬਚੇ ਵਿੱਚ ਦੱਸਿਆ ਗਿਆ ਹੈ ਕਿ ਜੇ ਤੁਸੀਂ ਸਕੋਟਲੈਂਡ ਵਿੱਚ ਪੁਲੀਸ ਬਾਰੇ ਕੋਈ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਕੀ ਕਰਨਾ ਹੈ।

ਇਸ ਵਿੱਚ ਇਹ ਵੀ ਦੱਸਿਆ ਗਿਆ ਹੈ ਕਿ ਇਹਨਾਂ ਸ਼ਿਕਾਇਤਾਂ ’ਤੇ ਕਿਵੇਂ ਕਾਰਵਾਈ ਕੀਤੀ ਜਾਂਦੀ ਹੈ।

one scotland
SCOTTISH GOVERNMENT

## ਮੈਂ ਸ਼ਿਕਾਇਤ ਕਿਵੇਂ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਸਮਝਦੇ ਹੋ ਕਿ ਕਿਸੇ ਪੁਲੀਸ ਫੋਰਸ ਜਾਂ ਹੋਰ ਪੁਲੀਸ ਸੰਗਠਨ ਨੇ ਅਜਿਹਾ ਪ੍ਰਦਰਸ਼ਨ ਨਹੀਂ ਕੀਤਾ ਹੈ, ਜਿਵੇਂ ਕਿ ਤੁਸੀਂ ਉਮੀਦ ਕੀਤੀ ਸੀ, ਜਾਂ ਜੇ ਤੁਸੀਂ ਸਮਝਦੇ ਹੋ ਕਿ ਪੁਲੀਸ ਸੇਵਾ ਦੇ ਕਿਸੇ ਮੈਂਬਰ ਨੇ ਗ਼ਲਤ ਢੰਗ ਨਾਲ ਵਿਹਾਰ ਕੀਤਾ ਹੈ ਜਾਂ ਕੋਈ ਅਪਰਾਧ ਕੀਤਾ ਹੈ, ਤਾਂ ਸ਼ਾਇਦ ਤੁਸੀਂ ਸ਼ਿਕਾਇਤ ਕਰਨੀ ਚਾਹੋ।

ਜੇ ਤੁਹਾਡੀ ਸ਼ਿਕਾਇਤ ਕਿਸੇ ਪੁਲੀਸ ਫੋਰਸ ਜਾਂ ਪੁਲੀਸ ਫੋਰਸ ਦੇ ਕਿਸੇ ਮੈਂਬਰ ਬਾਰੇ ਹੈ:

✓ ਸੰਬੰਧਿਤ ਪੁਲੀਸ ਫੋਰਸ ਦੇ ਚੀਫ਼ ਕਾਂਸਟੇਬਲ ਨੂੰ ਚਿੱਠੀ ਲਿਖੋ, ਜਾਂ

✓ ਕਿਸੇ ਪੁਲੀਸ ਸਟੇਸ਼ਨ ਵਿੱਚ (ਜਾਂ ਕਿਸੇ ਪੁਲੀਸ ਆਫ਼ਿਸਰ ਨੂੰ) ਜਾਣਕਾਰੀ ਦਿਓ, ਜਾਂ

✓ ਕਿਸੇ ਸਾਲੀਸਿਟਰ, ਆਪਣੇ MSP ਜਾਂ ਆਪਣੇ ਸਥਾਨਕ ਕਾਊਂਸਿਲਰ ਨੂੰ ਬੇਨਤੀ ਕਰੋ ਕਿ ਉਹ ਤੁਹਾਡੇ ਵੱਲੋਂ ਚੀਫ਼ ਕਾਂਸਟੇਬਲ ਦੇ ਨਾਲ ਮਾਮਲੇ 'ਤੇ ਗੱਲਬਾਤ ਕਰੇ, ਜਾਂ

✓ ਜੇ ਅਜਿਹਾ ਲੱਗਦਾ ਹੈ ਕਿ ਫੋਰਸ ਦੇ ਕਿਸੇ ਮੈਂਬਰ ਨੇ ਸ਼ਾਇਦ ਕਾਨੂੰਨ ਤੋੜਿਆ ਹੈ, ਤਾਂ ਏਰੀਆ ਪ੍ਰੋਕਿਊਰੇਟਰ ਫ਼ਿਸਕਲ ਨਾਲ ਸੰਪਰਕ ਕਰੋ, ਜਾਂ

✓ ਸਿਟੀਜ਼ੰਸ ਅਡਵਾਈਸ ਬਿਊਰੋ ਵਿੱਚ ਕਿਸੇ ਨਾਲ ਗੱਲ ਕਰੋ ਜੋ ਇਸ ਕਿਤਾਬਚੇ ਵਿੱਚ ਦੱਸੇ ਗਏ ਲੋਕਾਂ ਜਾਂ ਸਥਾਨਾਂ ਦੇ ਨਾਮ ਅਤੇ ਪਤੇ ਵੀ ਤੁਹਾਨੂੰ ਦੇ ਸਕੇਗਾ।

ਜੇ ਤੁਹਾਡੀ ਸ਼ਿਕਾਇਤ ਕਿਸੇ ਅਜਿਹੇ ਪੁਲੀਸ ਸੰਗਠਨ ਬਾਰੇ ਹੈ, ਜੋ ਅੱਠ ਪੁਲੀਸ ਫੋਰਸਾਂ ਦੇ ਵਿੱਚੋਂ ਕੋਈ ਨਹੀਂ ਹੈ (ਉਦਾਹਰਨ ਲਈ ਸਕੋਟਿਸ਼ ਕ੍ਰਾਈਮ ਅਤੇ ਡਰੱਗ ਇਨਫ਼ੋਰਸਮੈਂਟ ਏਜੰਸੀ):

✓ ਉਸ ਸੰਗਠਨ ਦੇ ਮੁਖੀ ਨੂੰ ਚਿੱਠੀ ਲਿਖੋ, ਅਤੇ ਜੇ ਲੋੜ ਪਵੇ, ਤਾਂ ਜਿਵੇਂ ਕਿ ਉੱਪਰ ਦੱਸਿਆ ਗਿਆ ਹੈ, ਕਿਸੇ ਸਾਲੀਸਿਟਰ, MSP, ਕਾਊਂਸਿਲਰ ਜਾਂ ਸਿਟੀਜ਼ੰਸ ਅਡਵਾਈਸ ਤੋਂ ਮਦਦ ਲਵੋ।

## ਮੈਨੂੰ ਕੀ ਕਹਿਣਾ ਚਾਹੀਦਾ ਹੈ?

✓ ਆਪਣੀ ਸ਼ਿਕਾਇਤ ਬਾਰੇ ਜਿੰਨਾ ਹੋ ਸਕੇ, ਵੱਧ ਤੋਂ ਵੱਧ ਕਹੋ।

✓ ਵਰਣਨ ਕਰੋ ਕਿ ਕੀ ਹੋਇਆ ਸੀ।

✓ ਕਹੋ ਕਿ ਸ਼ਿਕਾਇਤ ਵਾਲੀ ਘਟਨਾ ਜਾਂ ਮਾਮਲਾ ਕਿੱਥੇ ਅਤੇ ਕਦੋਂ ਹੋਇਆ ਸੀ।

✓ ਕਿਸੇ ਵੀ ਗਵਾਹਾਂ ਦੇ ਨਾਮ ਅਤੇ ਪਤੇ ਦਿਓ (ਜੇ ਤੁਹਾਡੇ ਕੋਲ ਹਨ)।

✓ ਸੰਬੰਧਿਤ ਸੰਗਠਨ ਦੇ ਕਿਸੇ ਵੀ ਮੈਂਬਰ ਦਾ (ਮੈਂਬਰਾਂ ਦੇ) ਨਾਮ ਜਾਂ ਪਛਾਣ ਦਿਓ (ਜੇ ਪਤਾ ਹੋਣ ਅਤੇ ਸੰਬੰਧਿਤ ਹੋਣ)।

## ਉਸਦੇ ਬਾਅਦ ਕੀ ਹੁੰਦਾ ਹੈ?

ਹੇਠਾਂ ਲਿਖੀ ਵਿਆਖਿਆ ਵਿੱਚ ਦੱਸਿਆ ਗਿਆ ਹੈ ਕਿ ਜਦੋਂ ਸ਼ਿਕਾਇਤ ਕਿਸੇ ਪੁਲੀਸ ਫੋਰਸ ਬਾਰੇ ਹੋਵੇ, ਤਾਂ ਕੀ ਹੁੰਦਾ ਹੈ। ਹੋਰ ਪੁਲੀਸ ਸੰਗਠਨਾਂ ਵਿੱਚ ਪ੍ਰਕਿਰਿਆਵਾਂ ਕੁਝ ਤਰੀਕਿਆਂ ਨਾਲ ਮਿਲਦੀਆਂ-ਜੁਲਦੀਆਂ ਹੋਣਗੀਆਂ, ਪਰ ਹੋਰ ਤਰੀਕਿਆਂ ਵਿੱਚ ਵੱਖ ਵੀ ਹੋ ਸਕਦੀਆਂ ਹਨ। ਸ਼ਿਕਾਇਤ ਵਿੱਚ ਸ਼ਾਮਲ ਸੰਗਠਨ ਇਸਦੇ ਬਾਰੇ ਤੁਹਾਡੇ ਕਿਸੇ ਵੀ ਪ੍ਰਸ਼ਨਾਂ ਦਾ ਉੱਤਰ ਦੇ ਸਕਣਗੇ।

ਆਮ ਤੌਰ ’ਤੇ ਸ਼ਿਕਾਇਤਾਂ ਦੀ ਪ੍ਰਕਿਰਿਆ ਸਮਝਾਉਣ ਅਤੇ ਤੁਹਾਨੂੰ ਆਪਣੀ ਸ਼ਿਕਾਇਤ ’ਤੇ ਗੱਲਬਾਤ ਕਰਨ ਦਾ ਮੌਕਾ ਦੇਣ ਲਈ ਤੁਹਾਡੇ ਸਥਾਨਕ ਇਲਾਕੇ ਦਾ ਇੱਕ ਸੀਨੀਅਰ ਅਧਿਕਾਰੀ ਤੁਹਾਨੂੰ ਮਿਲਣ ਆਏਗਾ ਜਾਂ ਤੁਹਾਨੂੰ ਟੈਲੀਫ਼ੋਨ ਕਰੇਗਾ। ਜਦੋਂ ਸੰਬੰਧਿਤ ਹੋਵੇ, ਜੇ ਅਜਿਹਾ ਜਾਪਦਾ ਕਿ ਕਾਰਵਾਈ ਉਚਿਤ ਸੀ, ਤਾਂ ਸੀਨੀਅਰ ਅਧਿਕਾਰੀ ਸਮਝਾਉਣ ਦੀ ਕੋਸ਼ਿਸ਼ ਕਰੇਗਾ ਕਿ ਕੋਈ ਖ਼ਾਸ ਕਾਰਵਾਈ ਕਿਉਂ ਕੀਤੀ ਗਈ ਸੀ। ਅਨੁਭਵ ਤੋਂ ਪਤਾ ਲੱਗਾ ਹੈ ਕਿ ਬਹੁਤ ਸਾਰੇ ਲੋਕ ਪੁਲੀਸ ਦੇ ਕੰਮਾਂ ਅਤੇ ਜ਼ੁੰਮੇਵਾਰੀਆਂ ਦੀ ਸੀਮਾ ਬਾਰੇ ਜਾਂ ਇਸ ਬਾਰੇ ਅਣਜਾਨ ਹੁੰਦੇ ਹਨ ਕਿ ਕੁਝ ਖ਼ਾਸ ਕਾਰਵਾਈਆਂ ਕਿਉਂ ਜ਼ਰੂਰੀ ਹੁੰਦੀਆਂ ਹਨ। ਕਦੇ-ਕਦੇ ਕਿਸੇ ਸੀਨੀਅਰ ਅਧਿਕਾਰੀ ਤੋਂ ਮਿਲੇ ਸਪਸ਼ਟੀਕਰਨ ਨਾਲ ਮਦਦ ਮਿਲ ਸਕਦੀ ਹੈ।

ਜੇ ਤੁਸੀਂ ਦਿੱਤੇ ਗਏ ਸਪਸ਼ਟੀਕਰਨ ਤੋਂ ਸੰਤੁਸ਼ਟ ਹੋਵੋ, ਤਾਂ ਤੁਹਾਡੀ ਸ਼ਿਕਾਇਤ ਨੂੰ ਉਸੇ ਸਮੇਂ ਸਮਾਪਤ ਕਰ ਦਿੱਤਾ ਜਾਵੇਗਾ। ਤੁਹਾਨੂੰ ਇੱਕ ਨੋਟਬੁੱਕ ਜਾਂ ਦਸਤਾਵੇਜ਼ ’ਤੇ ਦਸਤਖਤ ਕਰਨ ਲਈ

ਕਿਹਾ ਜਾ ਸਕਦਾ ਹੈ, ਜਿਸ ਵਿੱਚ ਪੁਸ਼ਟੀ ਕੀਤੀ ਗਈ ਹੋਵੇ ਕਿ ਅਜਿਹਾ ਕਰਨ ਨਾਲ ਤੁਸੀਂ ਖ਼ੁਸ਼ ਹੋ। ਜੋ ਕੁਝ ਹੋਇਆ ਹੈ, ਉਸਦਾ ਇੱਕ ਰਿਕਾਰਡ ਰੱਖਿਆ ਜਾਵੇਗਾ।

ਅਪਰਾਧਿਕ ਵਿਹਾਰ ਦੇ ਕਿਸੇ ਵੀ ਇਲਜ਼ਾਮ ਦਾ ਹੱਲ ਸਪਸ਼ਟੀਕਰਨ ਦੁਆਰਾ ਨਹੀਂ ਕੀਤਾ ਜਾਵੇਗਾ।

## ਮੇਰੀ ਸ਼ਿਕਾਇਤ ਨੂੰ ਕੌਣ ਦੇਖੇਗਾ?

ਜੇ ਉਸ ਪੜਾਅ ਵਿੱਚ ਮਾਮਲਿਆਂ ਦਾ ਫ਼ੈਸਲਾ ਨਹੀਂ ਹੁੰਦਾ ਹੈ, ਤਾਂ ਤੁਹਾਡੀ ਸ਼ਿਕਾਇਤ ’ਤੇ ਸ਼ਾਇਦ ਸੰਬੰਧਿਤ ਪੁਲੀਸ ਫੋਰਸ ਦੇ ਕਿਸੇ ਸੀਨੀਅਰ ਮੈਂਬਰ ਦੁਆਰਾ ਵਿਚਾਰ ਕੀਤਾ ਜਾਵੇ। ਕਥਿਤ ਗ਼ਲਤ ਵਿਹਾਰ ਦੇ ਮਾਮਲਿਆਂ ਵਿੱਚ ਕਿਸੇ ਸੀਨੀਅਰ ਪੁਲੀਸ ਅਧਿਕਾਰੀ ਦੁਆਰਾ ਜਾਂਚ-ਪੜਤਾਲ ਕੀਤੀ ਜਾਵੇਗੀ, ਜੋ ਤੁਹਾਡੇ ਕੇਸ ਨਾਲ ਸੰਬੰਧਿਤ ਨਹੀਂ ਹੋਵੇਗਾ।

## ਮੇਰੀ ਸ਼ਿਕਾਇਤ ’ਤੇ ਕਿਵੇਂ ਕਾਰਵਾਈ ਕੀਤੀ ਜਾਵੇਗੀ?

ਤੁਹਾਡੀ ਸ਼ਿਕਾਇਤ ’ਤੇ ਕਾਰਵਾਈ ਕਰ ਰਿਹਾ ਵਿਅਕਤੀ ਹੇਠਾਂ ਲਿਖਿਆਂ ਨਾਲ ਗੱਲ ਕਰ ਸਕਦਾ ਹੈ:

- ਤੁਹਾਡੇ ਨਾਲ;
- ਕਿਸੇ ਗਵਾਹਾਂ ਨਾਲ ਜਾਂ ਦੂਸਰੇ ਲੋਕਾਂ ਨਾਲ ਜਿਨ੍ਹਾਂ ਦੇ ਕੋਲ ਸ਼ਿਕਾਇਤ ਬਾਰੇ ਸੰਬੰਧਿਤ ਜਾਣਕਾਰੀ ਹੈ;
- ਸਟਾਫ਼ ਦੇ ਕਿਸੇ ਮੈਂਬਰ (ਮੈਂਬਰਾਂ) ਨਾਲ ਜਿਨ੍ਹਾਂ ਦੇ ਬਾਰੇ ਤੁਸੀਂ ਸ਼ਿਕਾਇਤ ਕੀਤੀ ਹੈ (ਜੇ ਸੰਬੰਧਿਤ ਹੋਵੇ ਤਾਂ)।

ਉਸ ਤੋਂ ਬਾਅਦ ਤੁਹਾਡੀ ਸ਼ਿਕਾਇਤ ’ਤੇ ਕਾਰਵਾਈ ਕਰ ਰਿਹਾ ਵਿਅਕਤੀ ਸੰਬੰਧਿਤ ਸ਼ਿਕਾਇਤ ਦੀ ਕਿਸਮ ਲਈ ਪੂਰੀ ਤਰ੍ਹਾਂ ਨਾਲ ਜ਼ੁੰਮੇਵਾਰ ਵਿਅਕਤੀ ਨੂੰ ਰਿਪੋਰਟ ਕਰੇਗਾ। ਗ਼ਲਤ ਵਿਹਾਰ ਦੇ ਇਲਜ਼ਾਮ ਵਾਲੀਆਂ ਸ਼ਿਕਾਇਤਾਂ ਲਈ ਇਹ ਡਿਪਟੀ ਚੀਫ਼ ਕਾਂਸਟੇਬਲ ਜਾਂ ਸਿੱਧਾ ਡਿਪਟੀ ਨੂੰ ਰਿਪੋਰਟ ਕਰਨ ਵਾਲਾ ਕੋਈ ਨਿਯੁਕਤ ਅਧਿਕਾਰੀ ਹੋਵੇਗਾ। ਹੋਰ ਕਿਸਮ ਦੀ ਸ਼ਿਕਾਇਤ ਲਈ, ਜ਼ੁੰਮੇਵਾਰ ਵਿਅਕਤੀ ਆਮ ਤੌਰ ’ਤੇ ਸੰਬੰਧਿਤ ਵਿਭਾਗ, ਕਮਾਂਡ ਯੂਨਿਟ/ਖੇਤਰ ਜਾਂ ਵਿਭਾਗ ਦਾ ਮੁਖੀ ਹੋਵੇਗਾ।

ਇਸ ਪੜਾਅ ਵਿੱਚ, ਗ਼ਲਤ ਵਿਹਾਰ ਦੇ ਇਲਜ਼ਾਮ ਵਾਲੀਆਂ ਸ਼ਿਕਾਇਤਾਂ ਲਈ ਡਿਪਟੀ ਚੀਫ਼ ਕਾਂਸਟੇਬਲ ਜਾਂ ਹੋਰ ਨਿਯੁਕਤ ਅਧਿਕਾਰੀ ਹੇਠਾਂ ਲਿਖੇ ਕੰਮ ਕਰ ਸਕਦਾ ਹੈ:

- ਜਾਂਚ ਅਧਿਕਾਰੀ ਦੀ ਰਿਪੋਰਟ 'ਤੇ ਵਿਚਾਰ ਕਰਨ ਦੇ ਬਾਅਦ, ਫ਼ੈਸਲਾ ਕਰ ਸਕਦਾ ਹੈ ਕਿ ਕਿਸੇ ਰਸਮੀ ਕਾਰਵਾਈ ਦੀ ਲੋੜ ਨਹੀਂ ਹੈ ਅਤੇ ਤੁਹਾਨੂੰ ਸਪਸ਼ਟੀਕਰਨ ਦੇ ਕੇ ਮਾਮਲੇ ਨੂੰ ਸਮਾਪਤ ਕਰ ਦਿੱਤਾ ਗਿਆ ਹੈ ਜਾਂ ਸਮਾਪਤ ਕਰ ਦਿੱਤਾ ਜਾਵੇਗਾ; ਜਾਂ
- ਉਸਨੂੰ ਹੋਰ ਜ਼ਿਆਦਾ ਜਾਂਚ-ਪੜਤਾਲ ਦੀ ਲੋੜ ਪੈ ਸਕਦੀ ਹੈ; ਜਾਂ
- ਗ਼ਲਤ ਵਿਹਾਰ ਜਾਂ ਅਨੁਸ਼ਾਸਨੀ ਪ੍ਰਕਿਰਿਆਵਾਂ ਦੇ ਅਧੀਨ ਫੋਰਸ ਦੇ ਕਿਸੇ ਸੰਬੰਧਿਤ ਮੈਂਬਰ (ਮੈਂਬਰਾਂ) 'ਤੇ ਕਾਰਵਾਈ ਕਰ ਸਕਦਾ ਹੈ; ਜਾਂ
- ਜੇ ਇਸ ਤਰ੍ਹਾਂ ਜਾਪੇ ਕਿ ਫੋਰਸ ਦੇ ਕਿਸੇ ਮੈਂਬਰ (ਕਿਸੇ ਮੈਂਬਰਾਂ) ਨੇ ਸ਼ਾਇਦ ਕਾਨੂੰਨ ਤੋੜਿਆ ਹੈ, ਤਾਂ ਕੇਸ ਨੂੰ ਏਰੀਆ ਪ੍ਰੋਕਿਊਰੇਟਰ ਫ਼ਿਸਕਲ ਦੇ ਕੋਲ ਭੇਜਿਆ ਜਾਣਾ ਚਾਹੀਦਾ ਹੈ।

ਜੇ ਤੁਹਾਡੀ ਸ਼ਿਕਾਇਤ ਕਿਸੇ ਵਿਅਕਤੀ ਬਾਰੇ ਨਹੀਂ ਹੈ, ਤਾਂ ਪੂਰੀ ਤਰ੍ਹਾਂ ਨਾਲ ਜ਼ੁੰਮੇਵਾਰ ਵਿਅਕਤੀ ਜਾਂਚ ਕਰ ਸਕਦਾ ਹੈ ਕਿ ਕੀ ਪੁਲੀਸ ਫੋਰਸ ਦੁਆਰਾ ਮੁਹੱਈਆ ਕੀਤੀ ਗਈ ਸੇਵਾ ਉਸਦੀ ਤੁਲਨਾ ਵਿੱਚ ਨਾਕਾਫ਼ੀ ਜਾਂ ਘੱਟ ਸੀ, ਜਿਸਦੀ ਕਿ ਤੁਸੀਂ ਉਚਿਤ ਤੌਰ 'ਤੇ ਉਮੀਦ ਕਰ ਸਕਦੇ ਸੀ ਅਤੇ ਕੀ ਇਸ ਤੋਂ ਕੋਈ ਸਬਕ ਸਿੱਖਿਆ ਜਾ ਸਕਦਾ ਹੈ।

ਜੋ ਵੀ ਕਾਰਵਾਈ ਕੀਤੀ ਜਾਂਦੀ ਹੈ, ਉਸਦੇ ਬਾਰੇ ਜਿੰਨੀ ਜਲਦੀ ਸੰਭਵ ਹੋਵੇ, ਤੁਹਾਨੂੰ ਪੁਲੀਸ ਫੋਰਸ ਦੁਆਰਾ ਦੱਸ ਦਿੱਤਾ ਜਾਵੇਗਾ।

## ਏਰੀਆ ਪ੍ਰੋਕਿਊਰੇਟਰ ਫ਼ਿਸਕਲ

ਪ੍ਰੋਕਿਊਰੇਟਰ ਫ਼ਿਸਕਲ ਸਰਵਿਸ ਪੁਲੀਸ ਤੋਂ ਪੂਰੀ ਤਰ੍ਹਾਂ ਨਾਲ ਸੁਤੰਤਰ ਹੁੰਦੀ ਹੈ ਅਤੇ ਇਸਦੇ ਦੁਆਰਾ ਜਨ-ਹਿਤ ਵਿੱਚ ਅਪਰਾਧਿਕ ਵਿਹਾਰ ਦੇ ਇਲਜ਼ਾਮਾਂ ਦੀ ਜਾਂਚ - ਪੜਤਾਲ ਕੀਤੀ ਜਾਂਦੀ ਹੈ। ਜਦੋਂ ਸ਼ਿਕਾਇਤ-ਕਰਤਾ ਇਲਜ਼ਾਮ ਲਗਾਉਂਦਾ ਹੈ ਕਿ **ਡਿਊਟੀ ਦੇ ਦੌਰਾਨ** ਫੋਰਸ ਦੇ ਕਿਸੇ ਮੈਂਬਰ ਨੇ ਕੋਈ ਅਪਰਾਧ ਕੀਤਾ ਹੈ, ਤਾਂ ਜਿਸ ਡਿਸਟ੍ਰਿਕਟ ਵਿੱਚ ਅਪਰਾਧ ਹੋਣ ਦਾ ਇਲਜ਼ਾਮ ਲਗਾਇਆ ਗਿਆ ਹੈ, ਉਸਦੇ ਏਰੀਆ ਪ੍ਰੋਕਿਊਰੇਟਰ ਫ਼ਿਸਕਲ ਦੁਆਰਾ ਇਸਦੀ ਜਾਂਚ-ਪੜਤਾਲ ਕੀਤੀ ਜਾਵੇਗੀ। ਏਰੀਆ ਪ੍ਰੋਕਿਊਰੇਟਰ ਫ਼ਿਸਕਲ ਮਾਮਲੇ ’ਤੇ ਵਿਅਕਤੀਗਤ ਤੌਰ ’ਤੇ ਵਿੱਚ ਕਾਰਵਾਈ ਕਰ ਸਕਦਾ ਹੈ ਜਾਂ ਕਿਸੇ ਤਜਰਬੇਕਾਰ ਪ੍ਰਤਿਨਿਧੀ (ਡੇਪਊਟ) ਨੂੰ ਜਾਂਚ ਸੋਂਪ ਸਕਦਾ ਹੈ, ਜੋ ਉਸਦੇ ਵਲੋਂ ਕੰਮ ਕਰੇਗਾ ਅਤੇ ਉਸਨੂੰ ਰਿਪੋਰਟ ਕਰੇਗਾ। ਕਿਸੇ ਪੁਲੀਸ ਫੋਰਸ ਦੇ ਮੈਂਬਰ ਦੇ ਵਿਰੁੱਧ **ਡਿਊਟੀ ਤੋਂ ਬਾਅਦ** ਅਪਰਾਧ ਦੇ ਇਲਜ਼ਾਮਾਂ ਦੀ ਰਿਪੋਰਟ, ਜੇ ਠੀਕ ਹੋਵੇ ਤਾਂ, ਉਸ ਡਿਸਟ੍ਰਿਕਟ ਦੇ ਪ੍ਰੋਕਿਊਰੇਟਰ ਫ਼ਿਸਕਲ ਨੂੰ ਕੀਤੀ ਜਾਂਦੀ ਹੈ, ਜਿੱਥੇ ਕਥਿਤ ਕੰਮ ਹੋਇਆ ਸੀ। ਫੇਰ ਪ੍ਰੋਕਿਊਰੇਟਰ ਫ਼ਿਸਕਲ ਫ਼ੈਸਲਾ ਕਰੇਗਾ ਕਿ ਇਹਨਾਂ ਹਾਲਾਤਾਂ ਵਿੱਚ ਕੀ ਕਾਰਵਾਈ, ਜੇ ਕੋਈ ਹੋਵੇ ਤਾਂ, ਠੀਕ ਹੈ।

## ਅਪਰਾਧਿਕ ਇਲਜ਼ਾਮ

ਪੁਲੀਸ ਤੋਂ ਰਿਪੋਰਟ ਪ੍ਰਾਪਤ ਕਰਨ ’ਤੇ ਏਰੀਆ ਪ੍ਰੋਕਿਊਰੇਟਰ ਫ਼ਿਸਕਲ ਹੇਠਾਂ ਲਿਖੇ ਕੰਮ ਕਰੇਗਾ:

- ਸਬੂਤ ਦੀ ਜਾਂਚ ਕਰੇਗਾ;
- ਪ੍ਰੋਕਿਊਰੇਟਰ ਫ਼ਿਸਕਲ ਸਰਵਿਸ ਦੇ ਕਿਸੇ ਵਿਅਕਤੀ ਦਾ ਤੁਹਾਡੇ ਨਾਲ ਸੰਪਰਕ ਕਰਾਏਗਾ;
- ਵਿਚਾਰ ਕਰੇਗਾ ਕਿ ਅੱਗੇ ਕਿਸ ਜਾਂਚ - ਪੜਤਾਲ ਦੀ ਲੋੜ ਹੈ।

ਸੰਬੰਧਿਤ ਫੋਰਸ ਦੇ ਮੈਂਬਰ (ਮੈਂਬਰਾਂ) ਦੇ ਵਿਰੁੱਧ ਸਬੂਤ ਦੀ ਸ਼ਕਤੀ ਨੂੰ ਜਾਂਚਣ ਲਈ ਏਰੀਆ ਪ੍ਰੋਕਿਊਰੇਟਰ ਫ਼ਿਸਕਲ ਨੂੰ ਤੁਹਾਡੀ ਜਾਣਕਾਰੀ ਦੀ ਲੋੜ ਹੁੰਦੀ ਹੈ। ਤੁਹਾਨੂੰ ਪ੍ਰੋਕਿਊਰੇਟਰ ਫ਼ਿਸਕਲ ਆਫ਼ਿਸ ਵਿੱਚ ਜਾ ਕੇ ਉੱਥੇ ਕਿਸੇ ਵਿਅਕਤੀ ਨਾਲ ਗੱਲ ਕਰਨ ਲਈ ਕਿਹਾ ਜਾ ਸਕਦਾ ਹੈ।

ਕੇਸ ਦੀ ਜਾਂਚ-ਪੜਤਾਲ ਕਰਨ ਦੇ ਬਾਅਦ ਏਰੀਆ ਪ੍ਰੋਕਿਊਰੇਟਰ ਫ਼ਿਸਕਲ ਫ਼ੈਸਲਾ ਕਰੇਗਾ ਕਿ ਕੇਸ ਦੀ ਰਿਪੋਰਟ ਕ੍ਰਾਊਨ ਆਫ਼ਿਸ (ਫ਼ਿਸਕਲ ਸਰਵਿਸ ਦਾ ਹੈਡਕੁਆਰਟਰ) ਨੂੰ ਕਰਨੀ ਹੈ ਜਾਂ ਨਹੀਂ।

## ਜੇ ਕਿਸੇ ਕੇਸ ਦੀ ਰਿਪੋਰਟ ਕ੍ਰਾਊਨ ਆਫ਼ਿਸ ਨੂੰ ਨਹੀਂ ਕੀਤੀ ਜਾਂਦੀ ਹੈ ਤਾਂ ਕੀ ਹੁੰਦਾ ਹੈ?

ਜੇ ਕੇਸ ਦੀ ਰਿਪੋਰਟ ਕ੍ਰਾਊਨ ਆਫ਼ਿਸ ਨੂੰ ਨਹੀਂ ਕੀਤੀ ਜਾਂਦੀ ਹੈ, ਤਾਂ ਇਸਦਾ ਮਤਲਬ ਇਹ ਹੁੰਦਾ ਹੈ ਕਿ ਕੋਈ ਅਪਰਾਧਿਕ ਕਾਰਵਾਈਆਂ ਨਹੀਂ ਕੀਤੀਆਂ ਜਾਣਗੀਆਂ। **ਏਰੀਆ ਪ੍ਰੋਕਿਊਰੇਟਰ ਫ਼ਿਸਕਲ ਤੁਹਾਨੂੰ ਜਾਣਕਾਰੀ ਦੇਵੇਗਾ ਕਿ ਅਪਰਾਧ ਸੰਬੰਧੀ ਕੋਈ ਕਾਰਵਾਈਆਂ ਨਹੀਂ ਹੋਣੀਆਂ ਹਨ।** ਏਰੀਆ ਪ੍ਰੋਕਿਊਰੇਟਰ ਫ਼ਿਸਕਲ ਮਾਮਲੇ ਨੂੰ ਵਾਪਸ ਫੋਰਸ ਦੇ ਕੋਲ ਵੀ ਭੇਜ ਦੇਵੇਗਾ ਅਤੇ ਇਹ ਫ਼ੈਸਲਾ ਕਰਨਾ ਫੋਰਸ ਦੇ ਉੱਪਰ ਹੁੰਦਾ ਹੈ ਕਿ ਕੀ ਅੰਦਰੂਨੀ ਤੌਰ ’ਤੇ ਕੋਈ ਕਾਰਵਾਈ ਕਰਨ ਦੀ ਲੋੜ ਹੈ।

## ਜੇ ਕਿਸੇ ਕੇਸ ਦੀ ਰਿਪੋਰਟ ਕ੍ਰਾਊਨ ਆਫ਼ਿਸ ਨੂੰ ਕੀਤੀ ਜਾਂਦੀ ਹੈ, ਤਾਂ ਕੀ ਹੁੰਦਾ ਹੈ?

ਕ੍ਰਾਊਨ ਕਾਊਂਸਲ (ਸੀਨੀਅਰ ਪ੍ਰੋਸੀਕਿਊਸ਼ਨ ਵਕੀਲ) ਕੇਸ ’ਤੇ ਵਿਚਾਰ ਕਰੇਗਾ ਅਤੇ **ਫ਼ੈਸਲਾ ਕਰੇਗਾ ਕਿ ਮੁਕੱਦਮਾ ਚਲਾਉਣਾ ਹੈ ਜਾਂ ਨਹੀਂ। ਏਰੀਆ ਪ੍ਰੋਕਿਊਰੇਟਰ ਫ਼ਿਸਕਲ ਆਫ਼ਿਸ ਦੁਆਰਾ ਤੁਹਾਨੂੰ ਜਾਣਕਾਰੀ ਦਿੱਤੀ ਜਾਵੇਗੀ ਕਿ ਕ੍ਰਾਊਨ ਕਾਊਂਸਲ ਕੀ ਫ਼ੈਸਲਾ ਕਰਦਾ ਹੈ।** ਕਿਸੇ ਅਪਰਾਧ ਦੇ ਦੋਸ਼ੀ ਠਹਿਰਾਏ ਗਏ ਪੁਲੀਸ ਅਧਿਕਾਰੀਆਂ ਅਤੇ ਫੋਰਸ ਦੇ ਹੋਰ ਮੈਂਬਰਾਂ ਨੂੰ ਕਾਨੂੰਨ ਦੇ ਅਧੀਨ ਕਿਸੇ ਹੋਰ ਵਿਅਕਤੀ ਵਰਗੇ ਹੀ ਅਧਿਕਾਰ ਹੁੰਦੇ ਹਨ ਅਤੇ ਉਹਨਾਂ ਦੇ ਨਾਲ ਉਸੇ ਤਰੀਕੇ ਨਾਲ ਵਿਹਾਰ ਕੀਤਾ ਜਾਣਾ ਚਾਹੀਦਾ ਹੈ। ਜੇ ਕੇਸ ਕੋਰਟ ਵਿੱਚ ਚਲਾ ਜਾਂਦਾ ਹੈ, ਤਾਂ ਤੁਹਾਨੂੰ ਅਤੇ ਕਿਸੇ ਹੋਰ ਗਵਾਹਾਂ ਨੂੰ ਗਵਾਹੀ ਦੇਣ ਲਈ ਕੋਰਟ ਜਾਣਾ ਪੈ ਸਕਦਾ ਹੈ।

## ਗ਼ਲਤ ਵਿਹਾਰ/ਅਨੁਸ਼ਾਸਨੀ ਪ੍ਰਕਿਰਿਆਵਾਂ

ਕਿਸੇ ਫੋਰਸ ਦੇ ਜਿਸ ਮੈਂਬਰ (ਜਿਨ੍ਹਾਂ ਮੈਂਬਰਾਂ) ਬਾਰੇ ਸ਼ਿਕਾਇਤ ਕੀਤੀ ਗਈ ਹੈ, ਉਹਨਾਂ ਨੇ ਸ਼ਾਇਦ ਕੋਈ ਫ਼ੌਜਦਾਰੀ ਅਪਰਾਧ ਨਾ ਕੀਤਾ ਹੋਵੇ, ਪਰ ਸਹੀ ਨਾ ਸਮਝੇ ਜਾਣ ਵਾਲੇ ਤਰੀਕੇ ਨਾਲ ਵਿਹਾਰ ਕੀਤਾ ਹੋਵੇ। ਇਹਨਾਂ ਹਾਲਾਤ ਵਿੱਚ, ਜੇ ਠੀਕ ਹੋਵੇ ਤਾਂ, ਵਿਅਕਤੀ ’ਤੇ ਸ਼ਾਇਦ ਵੱਖ-ਵੱਖ ਤਰੀਕਿਆਂ ਨਾਲ ਕਾਰਵਾਈ ਕੀਤੀ ਜਾਵੇ, ਜਿਸ ਵਿੱਚ ਰਸਮੀ ਗ਼ਲਤ ਵਿਹਾਰ/ਅਨੁਸ਼ਾਸਨੀ ਕਾਰਵਾਈਆਂ ਸ਼ਾਮਲ ਹਨ।

## ਜੇ ਮੈਂ ਆਪਣੀ ਸ਼ਿਕਾਇਤ ਵਾਪਸ ਲੈਣੀ ਚਾਹੁੰਦਾ/ਚਾਹੁੰਦੀ ਹਾਂ, ਤਾਂ ਕੀ ਹੁੰਦਾ ਹੈ?

ਜਿੱਥੇ ਵੀ ਸੰਭਵ ਹੋਵੇ, ਤੁਹਾਨੂੰ ਉਸ ਅਧਿਕਾਰੀ ਨਾਲ ਗੱਲ ਕਰਨੀ ਚਾਹੀਦੀ ਹੈ, ਜਿਸ ਨੂੰ ਤੁਸੀਂ ਸਭ ਤੋਂ ਪਹਿਲਾਂ ਸ਼ਿਕਾਇਤ ਕੀਤੀ ਸੀ। ਇਸਦੇ ਨਾਲ ਹੀ, ਤੁਸੀਂ ਸੰਬੰਧਿਤ ਫੋਰਸ ਦੇ ਅੰਦਰ ਦੀਆਂ ਸ਼ਿਕਾਇਤਾਂ ਲਈ ਜ਼ੁੰਮੇਵਾਰ ਵਿਭਾਗ ਨੂੰ ਸੂਚਿਤ ਕਰ ਸਕਦੇ ਹੋ। ਜੇ ਤੁਹਾਡੀ ਸ਼ਿਕਾਇਤ ਦੇ ਕਾਰਨ ਅਪਰਾਧਿਕ ਕਾਰਵਾਈਆਂ ਸ਼ੁਰੂ ਕੀਤੀਆਂ ਗਈਆਂ ਹਨ, ਤਾਂ ਜਾਂਚ-ਪੜਤਾਲ ਜਾਂ ਕੋਈ ਵੀ ਕਾਰਵਾਈਆਂ ਜਾਰੀ ਰੱਖਣ ਦਾ ਕੋਈ ਵੀ ਫ਼ੈਸਲਾ ਕ੍ਰਾਉਨ ਆਫ਼ਿਸ ਅਤੇ ਪ੍ਰੋਕਿਊਰੇਟਰ ਫ਼ਿਸਕਲ ਸਰਵਿਸ ਦਾ ਹੋਵੇਗਾ।

## ਮੈਂ ਕਿਸੇ ਸੀਨੀਅਰ ਪੁਲੀਸ ਅਧਿਕਾਰੀ ਬਾਰੇ ਸ਼ਿਕਾਇਤ ਕਿਵੇਂ ਕਰ ਸਕਦਾ/ਸਕਦੀ ਹਾਂ?

ਜੇ ਤੁਸੀਂ ਕਿਸੇ ਅਸਿਸਟੈਂਟ ਚੀਫ਼ ਕਾਂਸਟੇਬਲ, ਡਿਪਟੀ ਚੀਫ਼ ਕਾਂਸਟੇਬਲ ਜਾਂ ਚੀਫ਼ ਕਾਂਸਟੇਬਲ ਦੇ ਵਿਹਾਰ ਬਾਰੇ ਕੋਈ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਸੰਬੰਧਿਤ ਫੋਰਸ ਲਈ ਤੁਹਾਨੂੰ ਸੰਬੰਧਿਤ ਪੁਲੀਸ ਅਥਾਰਿਟੀ ਨਾਲ ਸੰਪਰਕ ਕਰਨਾ ਚਾਹੀਦਾ ਹੈ। ਕਿਸਨੂੰ ਅਤੇ ਕਿੱਥੇ ਚਿੱਠੀ ਲਿਖਣੀ ਹੈ, ਇਸਦੇ ਬਾਰੇ ਜਾਣਕਾਰੀ ਇਸ ਕਿਤਾਬਚੇ ਦੇ ਪਿੱਛੇ, ਸਥਾਨਕ ਲਾਇਬ੍ਰੇਰੀਆਂ ਵਿੱਚ ਸਿਟੀਜ਼ੰਸ ਅਡਵਾਈਸ ਬਿਊਰੋ ਵਿੱਚ ਜਾਂ ਸੰਬੰਧਿਤ ਫੋਰਸ ਨਾਲ ਸੰਪਰਕ ਕਰਕੇ ਮਿਲ ਸਕਦੀਆਂ ਹਨ।

## ਝੂਠੀਆਂ ਸ਼ਿਕਾਇਤਾਂ

ਕਿਸੇ ਵੀ ਵਿਅਕਤੀ, ਜੋ ਜਾਣ-ਬੁੱਝ ਕੇ ਕਿਸੇ ਪੁਲੀਸ ਫੋਰਸ ਜਾਂ ਪੁਲੀਸ ਸੰਗਠਨ ਦੇ ਕਿਸੇ ਮੈਂਬਰ ਬਾਰੇ ਕੋਈ ਝੂਠੀ ਸ਼ਿਕਾਇਤ ਕਰਦਾ ਹੈ, ’ਤੇ ਪ੍ਰੋਕਿਉਰੇਟਰ ਫ਼ਿਸਕਲ ਦੁਆਰਾ ਮੁਕੱਦਮਾ ਚਲਾਇਆ ਜਾ ਸਕਦਾ ਹੈ (ਅਤੇ ਸ਼ਿਕਾਇਤ ਕੀਤੇ ਗਏ ਵਿਅਕਤੀ ਦੁਆਰਾ ਉਸ ’ਤੇ ਸਿਵਿਲ ਕਾਰਵਾਈ ਕੀਤੀ ਜਾ ਸਕਦੀ ਹੈ)।

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੇਰੀ ਸ਼ਿਕਾਇਤ ਦੇ ਨਤੀਜੇ ਵਜੋਂ ਕੀ ਹੋਇਆ ਹੈ?

ਜੇ ਤੁਹਾਡੀ ਸ਼ਿਕਾਇਤ ਉਹਨਾਂ ਦੇ ਵਿੱਚੋਂ ਇੱਕ ਨਹੀਂ ਹੈ, ਜਿਸ ’ਤੇ ਪੂਰੀ ਤਰ੍ਹਾਂ ਨਾਲ ਏਰੀਆ ਪ੍ਰੋਕਿਊਰੇਟਰ ਫ਼ਿਸਕਲ ਦੁਆਰਾ ਕਾਰਵਾਈ ਕੀਤੀ ਜਾਂਦੀ ਹੈ (ਉੱਪਰ ਦੇਖੋ), ਤਾਂ ਇੱਕ ਵਾਰ ਤੁਹਾਡੇ ਮਾਮਲੇ ’ਤੇ ਧਿਆਨ ਦੇਣ ਦਾ ਸਾਰਾ ਕੰਮ ਪੂਰਾ ਹੋ ਜਾਣ ’ਤੇ ਤੁਸੀਂ ਆਪਣੀ ਸ਼ਿਕਾਇਤ ਦੀ ਕਿਸਮ ਦਾ ਆਮ ਨਿਰੀਖਣ ਕਰਨ ਲਈ ਜ਼ੁੰਮੇਵਾਰ ਪੁਲੀਸ ਫੋਰਸ ਜਾਂ ਸੰਗਠਨ ਦੇ ਸੀਨੀਅਰ ਵਿਅਕਤੀ ਤੋਂ ਇੱਕ ਲਿਖਤ ਸੰਦੇਸ਼ ਪ੍ਰਾਪਤ ਕਰਨ ਦੀ ਉਮੀਦ ਰੱਖ ਸਕਦੇ ਹੋ। ਕੁਝ ਮਾਮਲਿਆਂ ਵਿੱਚ, ਖ਼ਾਸ ਤੌਰ ’ਤੇ ਜਿੱਥੇ ਬਹੁਤ ਸਾਰੇ ਵੱਖ-ਵੱਖ ਵਿਸ਼ੇ ਸ਼ਾਮਲ ਹੋਣ, ਇਸ ਵਿੱਚ ਕੁਝ ਸਮਾਂ ਲੱਗ ਸਕਦਾ ਹੈ।

# ਜੇ ਮੈਂ ਪੁਲੀਸ ਦੁਆਰਾ ਮੇਰੀ ਸ਼ਿਕਾਇਤ ’ਤੇ ਕੀਤੀ ਗਈ ਕਾਰਵਾਈ ਦੇ ਤਰੀਕੇ ਤੋਂ ਸੰਤੁਸ਼ਟ ਨਹੀਂ ਹਾਂ, ਤਾਂ ਮੈਨੂੰ ਕੀ ਕਰਨਾ ਹੈ?

ਜੇ ਤੁਸੀਂ ਸਕੋਟਲੈਂਡ ਵਿੱਚ ਕਿਸੇ ਪੁਲੀਸ ਫੋਰਸ ਜਾਂ ਪੁਲੀਸ ਸੰਗਠਨ ਦੁਆਰਾ ਤੁਹਾਡੀ ਸ਼ਿਕਾਇਤ ’ਤੇ ਕੀਤੀ ਗਈ ਕਾਰਵਾਈ ਦੇ ਤਰੀਕੇ ਤੋਂ ਸੰਤੁਸ਼ਟ ਨਹੀਂ ਹੋ, ਤਾਂ ਤੁਸੀਂ ਉਸ ਸ਼ਿਕਾਇਤ ਨੂੰ ਪੁਲੀਸ ਕੰਪਲੇਂਟਸ ਕਮਿਸ਼ਨਰ ਫ਼ਾਰ ਸਕੋਟਲੈਂਡ (PCCS) ਦੇ ਕੋਲ ਭੇਜ ਸਕਦੇ ਹੋ।

Police Complaints Commissioner for Scotland
PO Box 26300
Hamilton
ML3 3AR

ਫ਼੍ਰੀਫ਼ੋਨ 0808 178 5577
enquiries@pcc-scotland.org
www.pcc-scotland.org

ਕਮਿਸ਼ਨਰ ਦੀ ਭੂਮਿਕਾ ਹੈ, ਪੁਲੀਸ ਫੋਰਸ ਦੁਆਰਾ ਉਸ ਸ਼ਿਕਾਇਤ ’ਤੇ ਕੀਤੀ ਗਈ ਕਾਰਵਾਈ ਦੇ ਤਰੀਕੇ ਦਾ ਦੁਬਾਰਾ ਨਿਰੀਖਣ ਕਰਨਾ। ਇਸ ਦੁਬਾਰਾ ਨਿਰੀਖਣ ਦੇ ਨਤੀਜੇ ’ਤੇ ਨਿਰਭਰ ਕਰਦੇ ਹੋਏ ਕਮਿਸ਼ਨਰ ਨੂੰ ਸ਼ਾਇਦ ਕੇਸ ’ਤੇ ਦੁਬਾਰਾ-ਵਿਚਾਰ ਕਰਨ ਦੀ ਲੋੜ ਪਵੇ ਅਤੇ ਉਹ ਨਿਰਦੇਸ਼ ਦੇ ਕਿ ਉਸ ਦੁਬਾਰਾ-ਵਿਚਾਰ ਨੂੰ ਕਿਵੇਂ ਚਲਾਇਆ ਕੀਤਾ ਜਾਂਦਾ ਹੈ।

ਹਾਲਾਂਕਿ, ਕਮਿਸ਼ਨਰ ਅਜਿਹੇ ਕਿਸੇ ਇਲਜ਼ਾਮ ’ਤੇ ਵਿਚਾਰ ਨਹੀਂ ਕਰ ਸਕਦਾ ਹੈ, ਜਿਸ ਵਿੱਚ ਕਿਸੇ ਅਪਰਾਧਿਕ ਕੰਮ ਨੂੰ ਸੱਚ ਮੰਨ ਲਿਆ ਜਾਂਦਾ ਹੈ, ਕਿਉਂਕਿ ਇਹ ਕ੍ਰਾਉਨ ਆਫ਼ਿਸ ਅਤੇ ਪ੍ਰੋਕਿਊਰੇਟਰ ਫ਼ਿਸਕਲ ਸਰਵਿਸ ਦਾ ਮਾਮਲਾ ਹੈ।

## ਪੁਲੀਸ ਫੋਰਸ

**ਸੈਂਟ੍ਰਲ ਸਕੋਟਲੈਂਡ ਪੁਲੀਸ (Central Scotland Police)**
Randolphfield, Stirling FK8 2HD
ਟੈਲੀਫ਼ੋਨ: 01786 456000

**ਡਮਫ਼੍ਰਾਂਈਜ਼ ਐਂਡ ਗੈਲੋਵੇ ਕਾਂਸਟੇਬੁਲਰੀ**
**(Dumfries & Galloway Constabulary)**
Cornwall Mount, Dumfries DG1 1PZ
ਟੈਲੀਫ਼ੋਨ: 01387 252112

**ਫ਼ਾਈਫ਼ ਕਾਂਸਟੇਬੁਲਰੀ (Fife Constabulary)**
Detroit Road, Glenrothes KY6 2RG
ਟੈਲੀਫ਼ੋਨ: 01592 418888

**ਗ੍ਰੈਂਪਿਅਨ ਪੁਲੀਸ (Grampian Police)**
Queen Street, Aberdeen AB10 1ZA
ਟੈਲੀਫ਼ੋਨ: 0845 600 5700

**ਲੋਥਿਅਨ ਅਤੇ ਬੋਰਡਰਜ਼ ਪੁਲੀਸ**
**(Lothian & Borders Police)**
Fettes Avenue, Edinburgh EH4 1RB
ਟੈਲੀਫ਼ੋਨ: 0131 311 3131

**ਨੋਰਦਰਨ ਕਾਂਸਟੇਬੁਲਰੀ (Northern Constabulary)**
Old Perth Road, Inverness IV2 3SY
ਟੈਲੀਫ਼ੋਨ: 01463 715555

**ਸਟ੍ਰੈਥਕਲਾਈਡ ਪੁਲੀਸ (Strathclyde Police)**
173 Pitt Street, Glasgow G2 4JS
ਟੈਲੀਫ਼ੋਨ: 0141 532 2000

**ਟੇਅਸਾਈਡ ਪੁਲੀਸ (Tayside Police)**
PO Box 59, 4 West Bell Street
Dundee DD1 9JU
ਟੈਲੀਫ਼ੋਨ: 01382 223200

# ਪੁਲੀਸ ਅਥਾਰਿਟੀਆਂ

**ਸੈਂਟ੍ਰਲ ਸਕੋਟਲੈਂਡ ਜਵਾਇੰਟ ਪੁਲੀਸ ਬੋਰਡ**
**(Central Scotland Joint Police Board)**
Falkirk Council, Municipal Buildings
Falkirk FK1 5RS
ਟੈਲੀਫ਼ੋਨ: 01324 506078

**ਡਮਫ੍ਰਾਂਈਜ਼ ਐਂਡ ਗੈਲੋਵੇ ਪੁਲੀਸ ਐਂਡ ਫ਼ਾਇਰ ਐਂਡ ਰੈਸਕਿਊ ਅਥਾਰਿਟੀ**
**(Dumfries & Galloway Police and Fire and Rescue Authority)**
Dumfries & Galloway Council, English Street
Dumfries DG1 2DD
ਟੈਲੀਫ਼ੋਨ: 01387 260001

**ਫ਼ਾਈਫ਼ ਕਾਉਂਸਿਲ ਕਮਿਉਨਿਟੀ ਸੇਫ਼ਟੀ ਕਮੇਟੀ**
**(Fife Council Community Safety Committee)**
Fife House, North Street, Glenrothes
Fife KY7 5LT
ਟੈਲੀਫ਼ੋਨ: 01592 416303

**ਗ੍ਰੈਂਪਿਅਨ ਜਵਾਇੰਟ ਪੁਲੀਸ ਬੋਰਡ**
**(Grampian Joint Police Board)**
Aberdeen City Council, Town House
Aberdeen AB10 1AQ
ਟੈਲੀਫ਼ੋਨ: 01224 523031

**ਲੋਥਿਅਨ ਐਂਡ ਬੋਰਡਰਜ਼ ਜਵਾਇੰਟ ਪੁਲੀਸ ਬੋਰਡ**
**(Lothian & Borders Joint Police Board)**
City of Edinburgh Council, Waverley Court
4 East Market Street, Edinburgh EH1 1DE
ਟੈਲੀਫ਼ੋਨ: 0131 469 3002

**ਨੋਰਦਰਨ ਜਵਾਇੰਟ ਪੁਲੀਸ ਬੋਰਡ**
**(Northern Joint Police Board)**
Highland Council, Glenurquhart Road
Inverness IV3 5NX
ਟੈਲੀਫ਼ੋਨ: 01463 702012

**ਸਟ੍ਰੈਥਕਲਾਈਡ ਜਵਾਇੰਟ ਪੁਲੀਸ ਬੋਰਡ**
**(Strathclyde Joint Police Board)**
Room 64, City Chambers
Glasgow G2 1DU
ਟੈਲੀਫ਼ੋਨ: 0141 287 4167

**ਟੇਅਸਾਈਡ ਜਵਾਇੰਟ ਪੁਲੀਸ ਬੋਰਡ**
**(Tayside Joint Police Board)**
Angus Council, Angus House
Orchardbank, Forfar DD8 1AN
ਟੈਲੀਫ਼ੋਨ: 01307 476265

## ਸਕੋਟਿਸ਼ ਇਕਾਈਆਂ

**ਕ੍ਰਾਉਨ ਆਫ਼ਿਸ ਐਂਡ ਪ੍ਰੋਕਿਊਰੇਟਰ ਫ਼ਿਸਕਲ ਸਰਵਿਸ**
**(Crown Office and Procurator Fiscal Service)**
25 Chambers Street, Edinburgh EH1 1LA
ਟੈਲੀਫ਼ੋਨ: 0131 226 2626

**ਸਕੋਟਿਸ਼ ਕ੍ਰਾਈਮ ਅਤੇ ਡਰੱਗ ਇਨਫ਼ੋਰਸਮੈਂਟ ਏਜੰਸੀ**
**(Scottish Crime & Drug Enforcement Agency)**
Osprey House, Inchinnan Road
Renfrew PA3 2RE
ਟੈਲੀਫ਼ੋਨ: 0141 302 1000

**ਸਕੋਟਿਸ਼ ਐਗਜ਼ੀਕਿਊਟਿਵ (The Scottish Executive)**
St Andrew's House, Regent Road
Edinburgh EH1 3DG
ਟੈਲੀਫ਼ੋਨ: 08457 741741

**ਸਕੋਟਿਸ਼ ਪੁਲੀਸ ਸਰਵਿਸਿਜ਼ ਅਥਾਰਿਟੀ**
**(Scottish Police Services Authority)**
ਟੈਲੀਫ਼ੋਨ: 0141 582 1103

## ਯੂਕੇ ਬੋਡੀਜ਼

**ਬ੍ਰਿਟਿਸ਼ ਟ੍ਰਾਂਸਪੋਰਟ ਪੁਲੀਸ (British Transport Police)**
90 Cowcaddens Road, Glasgow G4 0LU
ਟੈਲੀਫ਼ੋਨ: 0800 405040

**ਸਿਵਿਲ ਨਿਊਕਲੀਅਰ ਕਾਂਸਟੇਬੁਲਰੀ**
**(Civil Nuclear Constabulary)**
Culham Science Centre, Abingdon
Oxfordshire OX14 3DB
ਟੈਲੀਫ਼ੋਨ: 01235 466755

**ਮਿਨਿਸਟਰੀ ਆਫ਼ ਡਿਫ਼ੈਂਸ ਪੁਲੀਸ**
**(Ministry of Defence Police)**
Wethersfield, Braintree, Essex CM7 4AZ
ਟੈਲੀਫ਼ੋਨ: 01371 854000

**ਸੀਰੀਅਸ ਆਰਗਨਾਈਜ਼ਡ ਕ੍ਰਾਈਮ ਏਜੰਸੀ**
**(Serious Organised Crime Agency)**
PO Box 8000, London SE11 5EN
ਟੈਲੀਫ਼ੋਨ: 0870 734 6138

**ਇਹ ਦਸਤਾਵੇਜ਼ ਇੱਕ ਮਾਰਗਦਰਸ਼ਕ ਦੇ ਇਰਾਦੇ ਨਾਲ ਤਿਆਰ ਕੀਤਾ ਗਿਆ ਹੈ ਅਤੇ ਇਸ ਵਿੱਚ ਹਰ ਇੱਕ ਜਾਣਕਾਰੀ ਸ਼ਾਮਲ ਨਹੀਂ ਹੈ। ਇਸ ਲਈ ਇਸਨੂੰ ਪੁਲੀਸ ਵਿਹਾਰ, ਪ੍ਰਕਿਰਿਆ ਜਾਂ ਕਾਨੂੰਨ ਦਾ ਇੱਕ ਵਿਸਤ੍ਰਿਤ ਬਿਓਰਾ ਨਹੀਂ ਮੰਨਿਆ ਜਾਣਾ ਚਾਹੀਦਾ ਹੈ।**

The Scottish Government

© Crown copyright 2007

ਇਹ ਦਸਤਾਵੇਜ਼ ਸਕੋਟਿਸ਼ ਐਗਜ਼ੀਕਿਊਟਿਵ ਵੈਬਸਾਈਟ 'ਤੇ ਵੀ ਉਪਲਬਧ ਹੈ:
www.scotland.gov.uk

RR Donnelley B53189 10/07 (Punjabi)

ਇਸ ਅਨੁਵਾਦ ਨੂੰ ਅਸਲੀ ਦਸਤਾਵੇਜ਼ ਦਾ
ਬਿਲਕੁਲ ਸਹੀ ਚਿੱਤਰਨ (ਅਰਥ) ਮੰਨਿਆ ਗਿਆ ਹੈ।

ISBN 978-0-7559-1585-9

9 780755 915859

**w w w . s c o t l a n d . g o v . u k**